ਸਮਰਥਨ · ਦੇਖਭਾਲ · ਬਰਾਬਰੀ

ਡਾਇਬਿਟੀਜ਼ ਚਾਰਟਰ

ਕੈਨੇਡਾ ਲਈ

Canadian Diabetes Association

ਕੈਨੇਡਾ ਲਈ ਡਾਇਬਿਟੀਜ਼ ਚਾਰਟਰ ਵਾਸਤੇ ਕੈਨੇਡਿਅਨ ਡਾਇਬਿਟੀਜ਼ ਐਸੋਸਿਏਸ਼ਨ ਦੀ ਕਲਪਨਾ ਇੱਕ ਅਜਿਹੇ ਦੇਸ਼ ਦੀ ਹੈ ਜਿੱਥੇ ਡਾਇਬਿਟੀਜ਼ ਵਾਲੇ ਲੋਕ ਆਪਣੀ ਪੂਰੀ ਸਮਰੱਥਾ ਨਾਲ ਜ਼ਿੰਦਗੀ ਜਿਉਣ। ਇਹ ਚਾਰਟਰ ਤਿਆਰ ਦਿਆਰ ਕਰਨ ਵਿੱਚ ਕੈਨੇਡਿਅਨ ਡਾਇਬਿਟੀਜ਼ ਐਸੋਸਿਏਸ਼ਨ ਦੇ ਸੇਧਕ ਸਿਧਾਂਤ ਇਹ ਹਨ:

- ਯਕੀਨੀ ਬਣਾਉਣਾ ਕਿ ਡਾਇਬਿਟੀਜ਼ ਨਾਲ ਜ਼ਿੰਦਗੀ ਜਿਉਣ ਵਾਲੇ ਲੋੜਾਂ ਨਾਲ ਆਦਰ ਅਤੇ ਮਾਣ ਵਾਲਾ ਵਿਹਾਰ ਕੀਤਾ ਜਾਵੇ।
- ਡਾਇਬਿਟੀਜ਼ ਦੀ ਉੱਚ ਗੁਣਵੱਤਾ ਵਾਲੀ ਦੇਖਭਾਲ ਅਤੇ ਸਹਾਇਤਾ ਤਕ ਬਰਾਬਰ ਪਹੁੰਚ ਦੀ ਪੈਰਵੀ ਕਰਨੀ।
- ਡਾਇਬਿਟੀਜ਼ ਨਾਲ ਜ਼ਿੰਦਗੀ ਜਿਉਣ ਵਾਲੇ ਲੋਕਾਂ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਲਈ ਸਿਹਤ ਅਤੇ ਜ਼ਿੰਦਗੀ ਦੀ ਗੁਣਵੱਤਾ ਨੂੰ ਸੁਧਾਰਨਾ।

ਡਾਇਬਿਟੀਜ਼* ਦੇ ਨਾਲ ਜ਼ਿੰਦਗੀ ਜੀ ਕੈਨੇਡਾ ਵਾਸੀਆਂ ਨੂੰ ਹੇਠਾਂ ਲਿਖੇ ਤਾ ਹੱਕ ਹੈ:

- ਆਦਰ ਅਤੇ ਮਾਣ ਦੇ ਨਾਲ ਵਿਹਾਰ ਕੀਤਾ ਜਾਣਾ, ਅਤੇ ਕਲੰਕ ਅਤੇ ਵਿਤਕਰੇ ਤੋਂ ਮੁਕਤ ਹੋਣਾ।
- ਤਜਵੀਜ਼ ਕੀਤੀਆਂ ਗਈਆਂ ਦਵਾਈਆਂ, ਡਿਵਾਈਸਾਂ, ਸਪਲਾਈਆਂ ਅਤੇ ਉੱਚ ਕੁਆਲਿਟੀ ਵਾਲੀ ਦੇਖਭਾਲ ਤਕ ਸਸਤੀ ਅਤੇ ਸਮੇਂ-ਸਿਰ ਪਹੁੰਚ, ਅਤੇ ਇਸਦੇ ਨਾਲ ਹੀ ਸਿਹਤਮੰਦ ਭੋਜਨ ਅਤੇ ਮਨੋਰੰਜਨ ਤਕ ਸਸਤੀ ਅਤੇ ਢੁਕਵੀਂ ਪਹੁੰਚ, ਭਾਵੇਂ ਉਹਨਾਂ ਦੀ ਆਮਦਨੀ ਜੋ ਵੀ ਹੋਵੇ ਅਤੇ ਉਹ ਕਿਤੇ ਵੀ ਰਹਿੰਦੇ ਹੋਣ।
- ਸਮੇਂ-ਸਿਰ ਨਿਦਾਨ ਅਤੇ ਉਸ ਤੋਂ ਬਾਅਦ ਪੇਸ਼ਾਵਰ ਟੀਮ ਤੋਂ ਸਿੱਖਿਆ ਅਤੇ ਸਲਾਹ ਜਿਸ ਵਿੱਚ ਮੁਢਲਾ ਦੇਖਭਾਲ ਪ੍ਰਦਾਤਾ, ਡਾਇਬਿਟੀਜ਼ ਬਾਰੇ ਸਿੱਖਿਆ ਦੇਣ ਵਾਲਾ, ਫਾਰਮਾਸਿਸਟ, ਆਹਾਰ ਮਾਹਰ ਅਤੇ ਦੂਜੇ ਵਿਸ਼ੇਸ਼ੱਗ ਸ਼ਾਮਲ ਹੋ ਸਕਦੇ ਹਨ।
- ਭਾਵਨਾਤਮਕ ਅਤੇ ਮਾਨਸਿਕ ਸਿਹਤ ਬਾਰੇ ਸਹਾਇਤਾ, ਅਤੇ ਇਸਦੇ ਨਾਲ ਹੀ ਜੇ ਲੋੜ ਹੋਵੇ ਤਾਂ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ।
- ਆਪਣੇ ਸਿਹਤ-ਸੰਭਾਲ ਪ੍ਰਦਾਤਾਵਾਂ ਦੇ ਨਾਲ ਮਿਲ ਕੇ ਫੈਸਲੇ ਲੈਣ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣੀ।
- ਬੇਨਤੀ ਕੀਤੇ ਜਾਣ 'ਤੇ ਆਪਣੇ ਡਾਕਟਰੀ ਰਿਕਾਰਡਾਂ ਅਤੇ ਸਿਹਤ ਸਬੰਧੀ ਦੂਜੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰਨੀ , ਅਤੇ ਇਸ ਨੂੰ ਆਸਾਨੀ ਨਾਲ ਸਮਝਣਾ।
- ਡਾਇਬਿਟੀਜ਼ ਬਾਰੇ ਜਾਣਕਾਰੀ, ਸਿੱਖਿਆ ਅਤੇ ਦੇਖਭਾਲ ਜਿਸ ਵਿੱਚ ਵਿਅਕਤੀ ਦੀ ਉਮਰ, ਸੱਭਿਆਚਾਰ, ਧਰਮ, ਨਿੱਜੀ ਇੱਛਾਵਾਂ, ਭਾਸ਼ਾ ਅਤੇ ਸਕੂਲ ਦੀ ਸਿੱਖਿਆ ਦਾ ਧਿਆਨ ਰੱਖਿਆ ਜਾਂਦਾ ਹੈ।
- ਉਹਨਾਂ ਦੀਆਂ ਅੱਖਾਂ, ਪੈਰਾਂ, ਗੁਰਦਿਆਂ, ਖ਼ੂਨ ਵਿਚਲੀ ਸ਼ੱਕਰ 'ਤੇ ਨਿਯੰਤ੍ਰਣ, ਦਿਲ ਨਾਲ ਸਬੰਧਤ ਬਿਮਾਰੀਆਂ ਦੇ ਜੋਖਮਾਂ ਦੇ ਕਾਰਕਾਂ ਅਤੇ ਮਾਨਸਿਕ ਸਿਹਤ ਦੀ ਉਸੇ ਸਮੇਂ 'ਤੇ ਜਾਂਚ ਕੀਤੀ ਜਾਂਦੀ ਹੈ ਜਿੰਨੀ ਦੇਰ ਬਾਅਦ ਉਹਨਾਂ ਦੀਆਂ ਵਰਤਮਾਨ ਡਾਕਟਰੀ ਸੇਧਾਂ ਦੁਆਰਾ ਸਿਫ਼ਾਰਸ਼ ਕੀਤੀ ਜਾਂਦੀ ਹੈ।
- ਬੀਮਾ ਕਵਰੇਜ ਤਕ ਸਸਤੀ ਪਹੁੰਚ।
- ਦਿਨ ਦੀ ਦੇਖਭਾਲ, ਸਕੂਲ ਤੋਂ ਪਹਿਲਾਂ, ਸਕੂਲ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਪੂਰੀ ਤਰ੍ਹਾਂ ਨਾਲ ਸ਼ਾਮਲ ਹੋਣਾ, ਜੇ ਲੋੜ ਪਵੇ ਤਾਂ ਉਚਿਤ ਰਿਹਾਇਸ਼ ਪ੍ਰਾਪਤ ਕਰਨੀ।

- ਸਹਾਇਕ ਕੰਮ ਕਰਨ ਦਾ ਸਥਾਨ ਜੋ ਵਿਤਕਰਾ ਨਾ ਕਰੇ ਅਤੇ ਲੋੜ ਅਨੁਸਾਰ ਉਚਿਤ ਅਨੁਕੂਲਤਾ ਤਬਦੀਲੀਆਂ ਕਰੇ।
- ਢੁਕਵੀਂ ਅਤੇ ਰੁਕਾਵਟ ਰਹਿਤ ਪਰਿਵਰਤਨਸ਼ੀਲ ਦੇਖਭਾਲ ਜੋ ਬਿਮਾਰੀ ਦੇ ਵਾਧੇ ਨੂੰ ਪਛਾਣਦੀ ਹੈ।

* ਅਤੇ ਜਿੱਥੇ ਸਬੰਧਤ ਹੋਵੇ ਉਹਨਾਂ ਦੇ ਗੈਰ-ਰਸਮੀ ਦੇਖਭਾਲ ਕਰਨ ਵਾਲੇ

ਡਾਇਬਿਟੀਜ਼* ਦੇ ਨਾਲ ਜ਼ਿੰਦਗੀ ਜੀ ਕੈਨੇਡਾ ਵਾਸੀਆਂ ਦੀਆਂ ਹੇਠਾਂ ਲਿਖੀਆਂ ਜ਼ਿੰਮੇਦਾਰੀਆਂ ਹਨ:

- ਆਪਣੀ ਪੂਰੀ ਸਮਰੱਥਾ ਤਕ ਅਤੇ ਨਿੱਜੀ ਹਾਲਤ ਦੇ ਅਨੁਸਾਰ ਆਪਣੇ-ਆਪ ਨਿਯੰਤ੍ਰਣ ਕਰਨਾ, ਜਿਸ ਵਿੱਚ ਸ਼ਾਮਲ ਹੈ ਸਿਹਤਮੰਦ ਖ਼ੁਰਾਕ, ਕਸਰਤ, ਦੇਖਭਾਲ ਯੋਜਨਾਵਾਂ ਦੀ ਪਾਲਣਾ ਕਰਨੀ ਅਤੇ ਅਪਾਇੰਟਮੈਂਟਾਂ 'ਤੇ ਜਾਣਾ।
- ਆਪਣੀ ਸਿਹਤ ਦੀ ਮੌਜੂਦ ਸਥਿਤੀ ਬਾਰੇ ਇਮਾਨਦਾਰ ਅਤੇ ਖੁੱਲ੍ਹਾ ਨਜ਼ਰੀਆ ਰੱਖਣਾ ਤਾਂ ਜੋ ਸਭ ਤੋਂ ਵੱਧ ਢੁਕਵੀਆਂ ਦੇਖਭਾਲ ਯੋਜਨਾਵਾਂ ਤਿਆਰ ਕੀਤੀਆਂ ਜਾਣ।
- ਡਾਇਬਿਟੀਜ਼ ਦੇ ਨਾਲ ਚੰਗੀ ਤਰ੍ਹਾਂ ਜ਼ਿੰਦਗੀ ਬਿਤਾਉਣ ਲਈ ਸਰਗਰਮੀ ਨਾਲ ਸਿੱਖਿਆ, ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰਨੀ।
- ਡਾਇਬਿਟੀਜ਼ ਵਾਲੇ ਦੂਜੇ ਲੋਕਾਂ ਅਤੇ ਸਿਹਤ-ਸੰਭਾਲ ਮੁਹੱਈਆ ਕਰਨ ਵਾਲਿਆਂ ਦੇ ਹੱਕਾਂ ਦਾ ਸਨਮਾਨ ਕਰਨਾ।

ਸਰਕਾਰ ਦੀਆਂ ਹੇਠਾਂ ਲਿਖੀਆਂ ਜ਼ਿੰਮੇਵਾਰੀਆਂ ਹਨ:

- ਡਾਇਬਿਟੀਜ਼ ਅਤੇ ਇਸਦੀਆਂ ਜਟਿਲਤਾਵਾਂ ਦੀ ਰੋਕਥਾਮ, ਨਿਦਾਨ, ਅਤੇ ਇਲਾਜ ਲਈ ਵਿਆਪਕ ਨੀਤੀਆਂ ਅਤੇ ਯੋਜਨਾਵਾਂ ਬਣਾਉਣੀਆਂ।
- ਡਾਇਬਿਟੀਜ਼ ਦੇ ਭਾਰ ਬਾਰੇ ਡੇਟਾ ਇਕੱਠਾ ਕਰਨਾ, ਜਿਵੇਂ ਕਿ ਲਾਗਤਾਂ ਅਤੇ ਜਟਿਲਤਾਵਾਂ, ਅਤੇ ਨਿਯਮਿਤ ਰੂਪ ਵਿੱਚ ਮੁਲਾਂਕਣ ਕਰਨਾ ਕਿ ਕੀ ਤਰੱਕੀ ਕੀਤੀ ਜਾ ਰਹੀ ਹੈ।
- ਸਾਰੇ ਕੈਨੇਡਾ ਵਾਸੀਆਂ ਨੂੰ ਡਾਇਬਿਟੀਜ਼ ਦੀ ਦੇਖਭਾਲ, ਸਿੱਖਿਆ, ਤਜਵੀਜ਼ ਕੀਤੀਆਂ ਦਵਾਈਆਂ, ਯੰਤਰਾਂ ਅਤੇ ਸਪਲਾਈਆਂ ਦੀ ਗਰੰਟੀ ਦੇਣੀ, ਭਾਵੇਂ ਉਹਨਾਂ ਦੀ ਆਮਦਨੀ ਜੋ ਵੀ ਹੋਵੇ ਅਤੇ ਉਹ ਕਿਤੇ ਵੀ ਰਹਿੰਦੇ ਹੋਣ।
- ਉਹਨਾਂ ਅਸੁਰੱਖਿਅਤ ਲੋਕਾਂ ਦੀ ਦੇਖਭਾਲ ਅਤੇ ਨਤੀਜਿਆਂ ਵਿੱਚ ਵਿਲੱਖਣ ਲੋੜਾਂ ਅਤੇ ਅਸਮਾਨਤਾਵਾਂ ਵੱਲ ਧਿਆਨ ਦੇਣਾ ਜਿਨ੍ਹਾਂ ਵਿਚ ਡਾਇਬਿਟੀਜ਼ ਅਤੇ ਜਟਿਲਤਾਵਾਂ ਹੋਣ ਦੀਆਂ ਦਰਾਂ ਉੱਚੀਆਂ ਹਨ ਅਤੇ ਜਿਨ੍ਹਾਂ ਦੀਆਂ ਦੇਖਭਾਲ ਅਤੇ ਸਹਾਇਤਾ ਤਕ ਕਾਫੀ ਵੱਡੀਆਂ ਰੁਕਾਵਟਾਂ ਹਨ।
- ਡਾਇਬਿਟੀਜ਼ ਵਾਲੇ ਲੋਕਾਂ ਨੂੰ ਆਪਣੇ ਸਵੈ-ਪ੍ਰਬੰਧਨ ਵਿੱਚ ਉਚਿਤ ਅਨੁਕੂਲਤਾ ਤਬਦੀਲੀਆਂ ਮੁਹੱਈਆ ਕਰਨ ਵਿੱਚ ਸਕੂਲਾਂ ਅਤੇ ਕੰਮ ਕਰਨ ਦੇ ਸਥਾਨਾਂ ਦੀ ਸਹਾਇਤਾ ਕਰਨ ਲਈ ਨੀਤੀਆਂ ਅਤੇ ਨਿਯਮ ਲਾਗੂ ਕਰਨੇ।

ਸਿਹਤ-ਸੰਭਾਲ ਪ੍ਰਦਾਤਾਵਾਂ ਨੂੰ ਹੇਠਾਂ ਲਿਖਿਆ ਦਾ ਹੱਕ ਹੈ:

- ਡਾਇਬਿਟੀਜ਼ ਲਈ ਉੱਚ ਗੁਣਵੱਤਾ ਵਾਲੀ ਦੇਖਭਾਲ ਮੁਹੱਈਆ ਕਰਨ ਵਾਸਤੇ ਜਾਰੀ ਸਿਖਲਾਈ, ਫੰਡਿੰਗ ਅਤੇ ਸਾਧਨ।
- ਚੰਗੀ ਤਰ੍ਹਾਂ ਨਾਲ ਤਾਲਮੇਲ ਵਾਲੀਆਂ ਟੀਮਾਂ ਦੇ ਵਿੱਚ ਕੰਮ ਕਰਨਾ, ਜਾਂ ਤਾਂ ਇੱਕੋ ਸਥਾਨ 'ਤੇ ਜਾਂ ਫੇਰ ਵਰਚੁਅਲ ਤੌਰ 'ਤੇ, ਜਿੱਥੇ ਡਾਇਬਿਟੀਜ਼ ਸਬੰਧੀ ਦੇਖਭਾਲ ਮੁਹੱਈਆ ਕਰਨ ਵਾਲੇ ਮਾਹਰਾਂ ਤੋਂ ਸਹਾਇਤਾ ਇੱਕ ਉਚਿਤ ਸਮੇਂ ਦੇ ਅੰਦਰ ਹਾਸਲ ਕੀਤੀ ਜਾ ਸਕਦੀ ਹੈ।

ਸਿਹਤ-ਸੰਭਾਲ ਪ੍ਰਦਾਤਾਵਾਂ ਦੀਆਂ ਹੇਠਾਂ ਲਿਖੀਆਂ ਜ਼ਿੰਮੇਵਾਰੀਆਂ ਹਨ:

- ਡਾਇਬਿਟੀਜ਼ ਵਾਲੇ ਲੋਕਾਂ ਨਾਲ ਉਹਨਾਂ ਦੀ ਆਪਣੀ ਦੇਖਭਾਲ ਵਿੱਚ ਪੂਰੇ ਭਾਗੀਦਾਰ ਦੇ ਵੱਜੋਂ ਵਿਹਾਰ ਕਰਨਾ।
- ਡਾਇਬਿਟੀਜ਼ ਵਾਲੇ ਲੋਕਾਂ ਦੀ ਦੇਖਭਾਲ ਕਰਦੇ ਸਮੇਂ ਨਵੀਨਤਮ ਸਬੂਤ-ਅਧਾਰਤ ਡਾਕਟਰੀ ਵਿਧੀ ਦੀਆਂ ਸੇਧਾਂ ਲਾਗੂ ਕਰਨਾ ਸਿੱਖਣਾ।
- ਡਾਇਬਿਟੀਜ਼ ਨਾਲ ਜ਼ਿੰਦਗੀ ਜੀ ਰਹੇ ਲੋਕਾਂ ਦਾ ਜਿੰਨੀ ਜਲਦੀ ਸੰਭਵ ਹੋ ਸਕੇ ਨਿਦਾਨ ਕਰਨਾ।

- ਡਾਇਬਿਟੀਜ਼ ਵਾਲੇ ਲੋਕਾਂ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਮਦਦ ਕਰਨੀ।

ਸਕੂਲਾਂ, ਪ੍ਰੀ-ਸਕੂਲਾਂ, ਅਤੇ ਡੇਅਕੇਅਰਾਂ ਦੀਆਂ ਹੇਠਾਂ ਲਿਖੀਆਂ ਜ਼ਿੰਮੇਵਾਰੀਆਂ ਹਨ:

- ਯਕੀਨੀ ਬਣਾਉਣਾ ਕਿ ਸਟਾਫ ਅਤੇ ਬੱਚੇ ਦੇ ਸਾਥੀਆਂ ਕੋਲ ਡਾਇਬਿਟੀਜ਼ ਬਾਰੇ ਬਿਲਕੁਲ ਸਹੀ-ਸਹੀ ਜਾਣਕਾਰੀ ਹੋਵੇ, ਡਾਇਬਿਟੀਜ਼ ਦੇ ਸਵੈ-ਪ੍ਰਬੰਧਨ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਨਾ ਅਤੇ ਡਾਇਬਿਟੀਜ਼ ਵਾਲੇ ਬੱਚਿਆਂ ਦੀ ਵਿਤਕਰੇ ਤੋਂ ਰੱਖਿਆ ਕਰਨੀ।

ਕੰਮ ਕਰਨ ਦੇ ਸਥਾਨਾਂ ਦੀਆਂ ਹੇਠਾਂ ਲਿਖੀਆਂ ਜ਼ਿੰਮੇਵਾਰੀਆਂ ਹਨ:

- ਅਨੁਕੂਲਤਾ ਤਬਦੀਲੀਆਂ ਮੁਹੱਈਆ ਕਰ ਕੇ ਅਤੇ ਡਾਇਬਿਟੀਜ਼ ਵਾਲੇ ਲੋਕਾਂ ਦੇ ਵਿਰੁੱਧ ਵਿਤਕਰੇ ਨੂੰ ਖ਼ਤਮ ਕਰ ਕੇ ਅਜਿਹਾ ਮਾਹੌਲ ਤਿਆਰ ਕਰਨਾ ਜਿੱਥੇ ਲੋਕ ਆਪਣੀ ਪੂਰੀ ਸਮਰੱਥਾ ਤਕ ਪਹੁੰਚ ਸਕਣ।

ਕੈਨੇਡਿਅਨ ਡਾਇਬਿਟੀਜ਼ ਐਸੋਸਿਏਸ਼ਨ ਦੀਆਂ ਹੇਠਾਂ ਲਿਖੀਆਂ ਜ਼ਿੰਮੇਵਾਰੀਆਂ ਹਨ:

- ਕੈਨੇਡਾ ਦੇ ਡਾਇਬਿਟੀਜ਼ ਭਾਈਚਾਰੇ ਦੇ ਵੱਲੋਂ ਡਾਇਬਿਟੀਜ਼ ਨਾਲ ਜ਼ਿੰਦਗੀ ਜੀ ਰਹੇ ਲੋਕਾਂ ਦੇ ਹੱਕਾਂ ਦੀ ਜ਼ੋਰ ਦੇ ਕੇ ਪੈਰਵੀ ਕਰਨੀ।
- ਡਾਇਬਿਟੀਜ਼ ਬਾਰੇ ਜਨਤਾ ਦੀ ਜਾਗਰੂਕਤਾ ਨੂੰ ਵਧਾਉਣਾ।
- ਇਹ ਯਕੀਨੀ ਬਣਾਉਣ ਲਈ ਕੰਮ ਕਰਨਾ ਕਿ ਜਨਤਕ ਖੇਤਰ ਵਿੱਚ ਡਾਇਬਿਟੀਜ਼ ਬਾਰੇ ਬਿਲਕੁਲ ਸਹੀ ਜਾਣਕਾਰੀ ਮੌਜੂਦ ਹੋਵੇ,
- ਖੋਜ ਨੂੰ ਉਤਸ਼ਾਹਿਤ ਕਰਕੇ ਅਤੇ ਇਸ ਨੂੰ ਲਾਗੂ ਕਰਕੇ ਡਾਇਬਿਟੀਜ਼ ਦੀ ਯੋਜਨਾਬੰਦੀ, ਪ੍ਰਬੰਧ ਅਤੇ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਖੋਜਕਰਤਾਵਾਂ ਦੇ ਨਾਲ ਭਾਈਵਾਲੀ ਕਰਨੀ।
- ਡਾਇਬਿਟੀਜ਼ ਦੀ ਦੇਖਭਾਲ, ਸਿੱਖਿਆ, ਦਵਾਈਆਂ, ਯੰਤਰਾਂ ਅਤੇ ਸਪਲਾਈਆਂ ਤਕ ਬਰਾਬਰ ਪਹੁੰਚ ਦੀ ਪੈਰਵੀ ਕਰਨੀ।